ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਤੋਂ ਸਰਵ ਸੰਬੰਧਾਂ ਦਾ ਸੁਖ ਲੈਣਾ ਹੈ ਤਾਂ ਹੋਰ ਸਭ ਤੋਂ ਬੁੱਧੀ ਦੀ ਪ੍ਰੀਤ ਨਿਕਾਲ ਮਾਮੇਕੰਮ ਯਾਦ ਕਰੋ, ਇਹ ਹੀ ਮੰਜਿਲ ਹੈ"

ਪ੍ਰਸ਼ਨ:- ਤੁਸੀਂ ਬੱਚੇ ਇਸ ਵੇਲੇ ਕਿਹੜਾ ਚੰਗਾ ਕਰਮ ਕਰਦੇ ਹੋ, ਜਿਸ ਦੇ ਰਿਟਰਨ ਵਿੱਚ ਸਾਹੂਕਾਰ ਬਣ ਜਾਂਦੇ ਹੋ?

ਉੱਤਰ:- ਸਭ ਤੋਂ ਚੰਗੇ ਤੋਂ ਚੰਗਾ ਕਰਮ ਹੈ - ਗਿਆਨ ਰਤਨਾਂ ਦਾ ਦਾਨ ਕਰਨਾ। ਇਹ ਅਵਿਨਾਸ਼ੀ ਗਿਆਨ ਖਜਾਨਾ ਹੀ ਟਰਾਂਸਫਰ ਹੋ 21 ਜਨਮਾਂ ਦੇ ਲਈ ਵਿਨਾਸ਼ੀ ਧਨ ਬਣ ਜਾਂਦਾ ਹੈ, ਇਸ ਨਾਲ ਹੀ ਮਾਲਾਮਾਲ ਬਣ ਜਾਂਦੇ ਹਨ। ਜੋ ਜਿਨਾਂ ਗਿਆਨ ਰਤਨਾਂ ਨੂੰ ਧਾਰਨ ਕਰ ਦੂਸਰਿਆਂ ਨੂੰ ਧਾਰਨ ਕਰਵਾਉਂਦੇ ਹਨ ਉਨਾਂ ਸਾਹੂਕਾਰ ਬਣਦੇ ਹਨ। ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਕਰਨਾ - ਇਹ ਹੀ ਹੈ ਸਰਵੋਤਮ ਸੇਵਾ।

ਓਮ ਸ਼ਾਂਤੀ। ਸ਼ਿਵਬਾਬਾ ਆਪਣੇ ਸਾਲੀਗ੍ਰਾਮ ਬੱਚਿਆਂ ਨੂੰ ਸਮਝਾਉਂਦੇ ਹਨ। ਇਹ ਹੈ ਪਰਮਾਤਮਾ ਦਾ ਆਪਣੇ ਬੱਚਿਆਂ, ਆਤਮਾਵਾਂ ਪ੍ਰਤੀ ਗਿਆਨ। ਆਤਮਾ, ਆਤਮਾ ਨੂੰ ਗਿਆਨ ਨਹੀਂ ਦਿੰਦੀ। ਪਰਮਾਤਮਾ ਸ਼ਿਵ ਬੈਠ ਬ੍ਰਹਮਾ ਸਰਸਵਤੀ ਅਤੇ ਤੁਸੀਂ ਲੱਕੀ ਸਟਾਰਜ਼ ਬੱਚਿਆਂ ਪ੍ਰਤੀ ਬੈਠ ਸਮਝਾਉਂਦੇ ਹਨ। ਇਸਲਈ ਉਸਨੂੰ ਪ੍ਰਮਾਤਮ ਗਿਆਨ ਕਿਹਾ ਜਾਂਦਾ ਹੀ। ਪਰਮਾਤਮਾ ਤਾਂ ਇੱਕ ਹੀ ਹੈ ਬਾਕੀ ਕ੍ਰੀਏਸ਼ਨ ਹੈ ਕ੍ਰੀਏਟਰ ਦੀ। ਜਿਵੇਂ ਲੌਕਿਕ ਬਾਪ ਇਵੇਂ ਨਹੀਂ ਕਹੇਗਾ ਕਿ ਇਹ ਸਭ ਸਾਡੇ ਰੂਪ ਹਨ। ਨਹੀਂ। ਕਹੇਗਾ ਇਹ ਸਾਡੀ ਰਚਨਾ ਹੈ। ਤਾਂ ਇਹ ਰੂਹਾਨੀ ਬਾਪ ਹੈ ਜਿਸ ਨੂੰ ਵੀ ਪਾਰਟ ਮਿਲਿਆ ਹੋਇਆ ਹੈ। ਉਹ ਹੀ ਮੁੱਖ ਐਕਟਰ, ਕ੍ਰੀਏਟਰ ਅਤੇ ਡਾਇਰੈਕਟਰ ਹੈ। ਆਤਮਾ ਨੂੰ ਕ੍ਰੀਏਟਰ ਨਹੀਂ ਕਹਾਂਗੇ। ਪਰਮਾਤਮਾ ਦੇ ਲਈ ਕਿਹਾ ਜਾਂਦਾ ਹੈ ਤੁਹਾਡੀ ਗਤ ਮਤ ਤੁਸੀਂ ਹੀ ਜਾਣੋ. ਉਨ੍ਹਾਂ ਸਭ ਗੁਰੂਆਂ ਦੀ ਤਾਂ ਆਪਣੀ - ਆਪਣੀ ਵੱਖ ਮਤ ਹੈ ਇਸਲਈ ਪਰਮਾਤਮਾ ਆਕੇ ਇੱਕ ਮਤ ਦਿੰਦੇ ਹਨ। ਉਹ ਹੈ ਮੋਸਟ ਬਿਲਵਰਡ। ਉਸ ਇੱਕ ਦੇ ਨਾਲ ਬੁੱਧੀ ਯੋਗ ਲਗਾਉਣਾ ਹੈ, ਹੋਰ ਜਿਨ੍ਹਾਂ ਦੇ ਵੀ ਨਾਲ ਤੁਹਾਡੀ ਪ੍ਰੀਤ ਹੈ ਉਹ ਸਭ ਧੋਖਾ ਦੇਣ ਵਾਲੇ ਹਨ ਇਸਲਈ ਉਨ੍ਹਾਂ ਸਭਨਾਂ ਤੋਂ ਬੁੱਧੀ ਕੱਡਨੀ ਹੈ। ਮੈਂ ਤੁਹਾਨੂੰ ਸਭ ਸੰਬੰਧਾਂ ਦਾ ਸੁਖ ਦੇਵਾਂਗਾ ਸਿਰਫ ਮਾਮੇਕਮ, ਇਹ ਹੈ ਮੰਜਿਲ। ਮੈਂ ਸਭ ਦਾ ਡੀਅਰਏਸਟ ਬਾਪ (ਪਿਆਰਾ ਪਿਤਾ) ਵੀ ਹਾਂ, ਟੀਚਰ ਵੀ ਹਾਂ, ਗੁਰੂ ਵੀ ਹਾਂ। ਤੁਸੀਂ ਸਮਝਦੇ ਹੋ ਉਸ ਦਵਾਰਾ ਸਾਨੂੰ ਜੀਵਨਮੁਕਤੀ ਮਿਲਦੀ ਹੈ। ਇਹ ਹੀ ਅਵਿਨਾਸ਼ੀ ਗਿਆਨ ਖਜਾਨਾ ਹੈ, ਇਹ ਖਜਾਨਾ ਟਰਾਂਸਫਰ ਹੋ ਫਿਰ 21 ਜਨਮ ਦੇ ਲਈ ਵਿਨਾਸ਼ੀ ਧਨ ਬਣ ਜਾਂਦਾ ਹੈ। 21 ਜਨਮ ਅਸੀ ਬਹੁਤ ਮਾਲਾਮਾਲ ਹੋ ਜਾਂਦੇ ਹਾਂ। ਰਾਜਿਆਂ ਦੇ ਰਾਜੇ ਬਣਦੇ ਹਾਂ। ਇਸ ਅਵਿਨਾਸ਼ੀ ਧਨ ਦਾ ਦਾਨ ਕਰਨਾ ਹੈ। ਪਹਿਲਾਂ ਤਾਂ ਵਿਨਾਸ਼ੀ ਧਨ ਦਾਨ ਕਰਦੇ ਸਨ ਤਾਂ ਅਲਪਕਾਲ ਸ਼ਨ ਭੰਗੁਰ ਸੁਖ ਦੂਸਰੇ ਜਨਮ ਵਿੱਚ ਮਿਲਦਾ ਸੀ। ਕਿਹਾ ਜਾਂਦਾ ਹੈ ਪਾਸਟ ਜਨਮ ਵਿੱਚ ਕੁਝ ਦਾਨ ਪੁੰਨ ਕੀਤਾ ਹੈ ਜਿਸ ਦਾ ਫਲ ਮਿਲਿਆ ਹੈ। ਉਹ ਫਲ ਇੱਕ ਜਨਮ ਦਾ ਹੀ ਮਿਲਦਾ ਹੈ। ਜਨਮ - ਜਣਮੰਤਰ ਦੀ ਪ੍ਰਾਲਬਧ ਨਹੀਂ ਕਹਾਂਗੇ। ਅਸੀਂ ਜੋ ਹੁਣ ਕਰਾਂਗੇ ਉਸਦੀ ਪ੍ਰਾਲਬਧ ਸਾਨੂੰ ਜਨਮ - ਜਣਮੰਤ੍ਰ ਮਿਲੇਗੀ। ਤਾਂ ਹੁਣ ਇਹ ਹੈ ਅਨੇਕ ਜਨਮ ਦੀ ਬਾਜੀ। ਪਰਮਾਤਮਾ ਤੋਂ ਬੇਹੱਦ ਦਾ ਵਰਸਾ ਲੈਣਾ ਹੈ। ਸਭ ਤੋਂ ਚੰਗਾ ਕਦਮ ਹੈ ਅਵਿਨਾਸ਼ੀ ਗਿਆਨ ਖਜਾਨਾ ਦਾਨ ਕਰਨਾ। ਜਿਨਾਂ ਧਾਰਨ ਕਰ ਦੂਸਰਿਆਂ ਨੂੰ ਕਰਵਾਓਗੇ ਉਤਨਾ ਖੁਦ ਵੀ ਸਾਹੂਕਾਰ ਬਣੋਗੇ ਹੋਰਾਂ ਨੂੰ ਵੀ ਬਣਾਓਗੇ। ਇਹ ਹੈ ਸਰਵੋਤਮ ਸੇਵਾ, ਜਿਸ ਨਾਲ ਸਦਗਤੀ ਹੁੰਦੀ ਹੈ। ਦੇਵਤਾਵਾਂ ਦੀ ਰਸਮ - ਰਿਵਾਜ ਵੇਖੋ ਕਿਵੇਂ ਸੰਪੂਰਨ ਨਿਰਵਿਕਾਰੀ, ਅਹਿੰਸਾ ਪਰਮੋਧਰਮ ਹੈ। ਪਿਓਰੀਫਿਕੇਸ਼ਨ ( ਸੰਪੂਰਨ ਪਵਿਤ੍ਰਤਾ) ਸਤਿਯੁਗ ਤ੍ਰੇਤਾ ਵਿੱਚ ਹੀ ਰਹਿੰਦੀ ਹੈ। ਦੇਵਤੇ ਹੀ ਬਹਿਸ਼ਤ ਵਿੱਚ ਰਹਿਣ ਵਾਲੇ ਹਨ, ਉਨ੍ਹਾਂ ਨੂੰ ਹੀ ਉੱਚ ਗਾਉਂਦੇ ਹਨ। ਜੋ ਸੂਰਜਵੰਸ਼ੀ ਸਤਿਯੁਗ ਵਿੱਚ ਬਣਦੇ ਹਨ ਉਹ ਹੀ ਸੰਪੂਰਨ ਹਨ, ਫਿਰ ਥੋੜ੍ਹੀ ਖਾਦ ਪੈ ਜਾਂਦੀ ਹੈ। ਹੁਣ ਤੁਸੀਂ ਸਮਝਦੇ ਹੋ ਦੇਵਤੇ ਕਿਸ ਬਹਿਸ਼ਤ ਦੇ ਨਿਵਾਸੀ ਹਨ ਬੈਕੁੰਠ ਹੈ ਵੰਡਰਫੁੱਲ ਦੁਨੀਆ, ਉੱਥੇ ਦੂਜੇ ਧਰਮ ਵਾਲੇ ਜਾ ਨਹੀਂ ਸਕਣਗੇ। ਇਹ ਸਭ ਧਰਮ ਨੂੰ ਰਚਣ ਵਾਲਾ ਉੱਚੇ ਤੋਂ ਉੱਚਾ ਭਗਵਤ ਹੈ। ਇਹ ਦੇਵਤਾ ਧਰਮ ਕੋਈ ਬ੍ਰਹਮਾ ਨਹੀਂ ਸਥਾਪਨ ਕਰਦੇ ਹਨ, ਇਹ ਤਾਂ ਕਹਿੰਦੇ ਹਨ ਮੈਂ ਇਮਪਿਓਰ ਸੀ। ਮੇਰੇ ਵਿੱਚ ਗਿਆਨ ਕਿੱਥੋਂ ਆਇਆ। ਹੋਰ ਸਭ ਪਿਓਰ ਸੋਲ ਉਪਰ ਤੋਂ ਆਉਂਦੀਆਂ ਹਨ ਆਪਣਾ ਧਰਮ ਸਥਾਪਨ ਕਰਨ। ਇੱਥੇ ਤਾਂ ਪਰਮਾਤਮਾ ਧਰਮ ਸਥਾਪਨ ਕਰਦੇ ਹਨ, ਜਦੋਂ ਇਸ ਵਿਚ ਆਉਂਦੇ ਹਨ ਤਾਂ ਇਨ੍ਹਾਂ ਦਾ ਨਾਮ ਬ੍ਰਹਮਾ ਰੱਖਦੇ ਹਨ। ਕਿਹਾ ਜਾਂਦਾ ਹੈ ਬ੍ਰਹਮਾ ਦੇਵਤਾਏ ਨਮਾ, ਵਿਸ਼ਨੂੰ ਦੇਵਤਾਏ ਨਮਾ…। ਹੁਣ ਪ੍ਰਸ਼ਨ ਉੱਠਦਾ ਹੈ ਕਿ ਇਨ੍ਹਾਂ ਦੇਵਤਾਵਾਂ ਤੋਂ ਮਨੁੱਖ ਸ੍ਰਿਸ਼ਟੀ ਰਚੀ ਗਈ ਕੀ? ਨਹੀਂ। ਪਰਮਾਤਮਾ ਕਹਿੰਦੇ ਹਨ ਮੈਂ ਜਿਸ ਸਧਾਰਨ ਤਨ ਵਿੱਚ ਆਉਂਦਾ ਹਾਂ, ਉਸ ਦਾ ਨਾਮ ਬ੍ਰਹਮਾ ਪੈਂਦਾ ਹੈ ਮੂਲ ਵਤਨ ਵਿੱਚ ਉਹ ਸੂਖਸ਼ਮ ਬ੍ਰਹਮਾ ਹੈ, ਤਾਂ ਦੋ ਬ੍ਰਹਮਾ ਹੋ ਗਏ। ਇਨ੍ਹਾਂ ਦਾ ਬ੍ਰਹਮਾ ਨਾਮ ਰੱਖਿਆ ਗਿਆ ਹੈ ਕਿਉਂਕਿ ਕਹਿੰਦੇ ਹਨ ਸਧਾਰਨ ਤਨ ਵਿੱਚ ਆਉਂਦਾ ਹਾਂ। ਬ੍ਰਹਮਾ ਦੇ ਮੁੱਖ ਕਮਲ ਤੋਂ ਬ੍ਰਾਹਮਣ ਰਚਦਾ ਹਾਂ। ਆਦਿ ਦੇਵ ਤੋਂ ਹਿਮੁਨਟੀ ਰਚੀ ਗਈ, ਇਹ ਹੋਇਆ ਹਿਮੂਨਟੀ ਦਾ ਪਹਿਲਾ ਬਾਬਾ। ਫਿਰ ਬ੍ਰਿਧੀ ਹੁੰਦੀ ਜਾਂਦੀ ਹੈ।

ਹੁਣ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਪ੍ਰਿੰਸ ਬਣੋਗੇ ਤਾਂ ਜੇਕਰ ਦੇਹ ਸਹਿਤ ਦੇਹ ਦੇ ਸਭ ਸੰਬੰਧਾਂ ਤੋਂ ਨਾਤਾ ਤੋੜਨਗੇ। ਬਾਬਾ ਮੈਂ ਤੁਹਾਡਾ ਹੀ ਹਾਂ, ਬਸ। ਇਹ ਤਾਂ ਨਿਸ਼ਚੇ ਹੈ ਅਸੀ ਸੋ ਪ੍ਰਿੰਸ ਬਣਦੇ ਹਾਂ। ਚਤੁਰਭੁਜ ਦਾ ਸਾਕਸ਼ਾਤਕਾਰ ਹੁੰਦਾ ਹੈ ਨਾ। ਉਹ ਹਨ ਹੀ ਯੁਗਲ। ਚਿੱਤਰਾਂ ਵਿਚ ਬ੍ਰਹਮਾ ਨੂੰ10- 20 ਬਾਹਵਾਂ ਦਿਖਾਉਂਦੇ ਹਨ। ਕਾਲੀ ਨੂੰ ਕਿੰਨੀਆਂ ਬਾਹਵਾਂ ਦਿੱਤੀਆਂ ਹਨ, ਇੰਨੀਆਂ ਬਾਹਵਾਂ

ਵਾਲੀ ਚੀਜ ਤਾਂ ਹੁੰਦੀ ਨਹੀਂ। ਇਹ ਸਭ ਅਸਤ੍ਰ - ਸਸਤ੍ਰ ਹਨ। ਆਪਣਾ ਹੈ ਹੀ ਪ੍ਰਵ੍ਰਿਤੀ ਮਾਰਗ। ਬਾਕੀ ਬ੍ਰਹਮਾ ਦੀਆਂ ਜੋ ਇੰਨੀਆਂ ਬਾਹਵਾਂ ਵਿਖਾਉਂਦੇ ਹਨ, ਸਮਝਦੇ ਹਨ ਇਹ ਜੋ ਬ੍ਰਹਮਾ ਦੇ ਬੱਚੇ ਹਨ ਉਹ ਜਿਵੇਂ ਇਨ੍ਹਾਂ ਦੀਆਂ ਬਾਹਵਾਂ ਹਨ। ਬਾਕੀ ਇਹ ਕਾਲੀ ਆਦਿ ਕੁਝ ਨਹੀਂ ਹੈ, ਜਿਵੇਂ ਕ੍ਰਿਸ਼ਨ ਨੂੰ ਕਾਲਾ ਕਰ ਦਿੱਤਾ ਹੈ ਉਵੇਂ ਕਾਲੀ ਦਾ ਵੀ ਚਿੱਤਰ ਕਾਲਾ ਕਰ ਦਿੱਤਾ ਹੈ। ਇਹ ਜਗਦੰਬਾ ਵੀ ਬ੍ਰਾਹਮਣੀ ਹੈ। ਅਸੀਂ ਆਪਣੇ ਨੂੰ ਭਗਵਾਨ ਜਾਂ ਅਵਤਾਰ ਨਹੀਂ ਕਹਿੰਦੇ ਹਾਂ। ਬਾਬਾ ਕਹਿੰਦੇ ਹਨ ਸਿਰਫ ਮਾਮੇਕਮ ਯਾਦ ਕਰੋ। ਅਸਲ ਵਿੱਚ ਸਭ ਸ਼ਿਵ ਕੁਮਾਰ ਹਨ ਸਾਲੀਗ੍ਰਾਮ। ਫਿਰ ਮਨੁੱਖ ਤਨ ਵਿਚ ਆਉਣ ਨਾਲ ਤੁਸੀਂ ਬ੍ਰਹਮਾਕੁਮਾਰ ਕੁਮਾਰੀ ਕਹਾਉਂਦੇ ਹੋ। ਬ੍ਰਹਮਾਕੁਮਾਰ ਕੁਮਾਰੀਆਂ ਫਿਰ ਜਾਕੇ ਵਿਸ਼ਨੂੰ ਕੁਮਾਰ ਕੁਮਾਰੀਆਂ ਬਣਨਗੇ। ਬਾਪ ਕ੍ਰੀਏਟ ਕਰਦੇ ਹਨ ਫਿਰ ਪਾਲਣਾ ਵੀ ਉਨ੍ਹਾਂ ਨੂੰ ਕਰਨੀ ਪੈਂਦੀ ਹੈ। ਅਜਿਹੇ ਡੀਅਰੇਸਟ ਬਾਪ ਦੇ ਤੁਸੀਂ ਵਾਰਿਸ ਹੋ, ਉਨ੍ਹਾਂ ਨਾਲ ਤੁਸੀਂ ਸੌਦਾ ਕਰਦੇ ਹੋ ਇਹ ਤਾਂ ਵਿੱਚ ਦਲਾਲ ਹੈ।

ਬਾਬਾ ਹਨ ਹੌਲੀ ਗੌਰਮਿੰਟ, ਉਹ ਆਏ ਹਨ ਇਸ ਗੌਰਮਿੰਟ ਨੂੰ ਵੀ ਪਾਂਡਵ ਗੌਰਮਿੰਟ ਬਨਾਉਣ। ਇਹ ਹੈ ਸਾਡੀ ਉੱਚ ਗੌਰਮਿੰਟ। ਗੌਰਮਿੰਟ ਦੀ ਪ੍ਰਜਾ ਨੂੰ ਅਸੀਂ ਮਨੁੱਖ ਤੋਂ ਦੇਵਤਾ ਬਣਾਉਂਦੇ ਹਾਂ ਬਾਬਾ ਦੀ ਮਦਦ ਨਾਲ। ਤਾਂ ਅਸੀਂ ਉਨ੍ਹਾਂ ਦੇ ਸ੍ਰਵੇਂਟ ਹਾਂ ਨਾ। ਅਸੀਂ ਵਰਲਡ ਸਰਵੇਂਟ ਹਾਂ, ਅਸੀਂ ਬਾਬਾ ਦੇ ਨਾਲ ਆਏ ਹਾਂ ਸਾਰੀ ਦੁਨੀਆ ਦੀ ਸਰਵਿਸ ਕਰਨ। ਅਸੀਂ ਕੁਝ ਲੈਂਦੇ ਨਹੀਂ ਹੈ। ਵਿਨਾਸ਼ੀ ਧਨ, ਮਹਿਲ ਆਦਿ ਅਸੀਂ ਕੀ ਕਰਾਂਗੇ। ਸਾਨੂੰ ਤੇ ਸਿਰਫ ਤਿੰਨ ਪੈਰ ਪ੍ਰਿਥਵੀ ਚਾਹੀਦੀ ਹੈ।

ਤੁਸੀਂ ਬੱਚਿਆਂ ਨੂੰ ਹੁਣ ਸੱਚਾ - ਸੱਚਾ ਗਿਆਨ ਮਿਲ ਰਿਹਾ ਹੈ, ਸ਼ਾਸਤਰਾਂ ਦੇ ਗਿਆਨ ਨੂੰ ਗਿਆਨ ਨਹੀਂ ਕਹਾਂਗੇ, ਉਹ ਭਗਤੀ ਹੈ, ਗਿਆਨ ਮਾਨਾ ਸਦਗਤੀ। ਸਦਗਤੀ ਮਾਨਾ ਮੁਕਤੀ - ਜੀਵਨਮੁਕਤੀ। ਜਦ ਤੱਕ ਜੀਵਨ ਮੁਕਤ ਨਹੀਂ ਹੋਏ ਹਾਂ ਉਦੋਂ ਤੱਕ ਮੁਕਤ ਵੀ ਨਹੀਂ ਹੋ ਸਕਦੇ। ਅਸੀਂ ਜੀਵਨ - ਮੁਕਤ ਹੁੰਦੇ ਹਾਂ। ਬਾਕੀ ਸਭ ਮੁਕਤ ਹੁੰਦੇ ਹਨ। ਤਾਂ ਤੇ ਕਹਿੰਦੇ ਹਾਂ ਤੁਹਾਡੀ ਗਤ ਮਤ ਤੁਸੀਂ ਹੀ ਜਾਣੋ। ਫਿਰ ਉਸ ਵਿੱਚ ਵੀ ਸਰਵਵਿਆਪੀ ਪਰਮਾਤਮਾ ਹਨ, ਇਹ ਗੱਲ ਨਹੀਂ ਰਹਿੰਦੀ। ਇਹ ਤਾਂ ਕਹਿੰਦੇ ਹਨ ਕਲਪ - ਕਲਪ ਮੈਂ ਆਪਣੀ ਮਤ ਨਾਲ ਸਭਦੀ ਸਦਗਤੀ ਕਰਦਾ ਹਾਂ। ਸਦਗਤੀ ਦੇ ਨਾਲ ਗਤੀ ਆ ਹੀ ਜਾਂਦੀ ਹੈ। ਨਵੀ ਦੁਨੀਆਂ ਇਚ ਰਹਿੰਦੇ ਹੀ ਥੋੜੇ ਹਨ। ਅੱਗੇ ਅਸੀਂ ਕਹਿੰਦੇ ਸੀ ਘਟ ਹੀ ਵਿੱਚ ਸੂਰਜ, ਘਟ ਵਿੱਚ ਹੀ ਚੰਦ, ਘਟ ਹੀ ਵਿੱਚ 9 ਲਖ ਤਾਰੇ…. ਘਟ ਵਿੱਚ ਸੂਰਜ ਇਸ ਸਮੇਂ ਹੈ। ਘਟ ਵਿੱਚ ਸ਼ਿਵ ਹੈ, ਜਿਸਦਾ ਹੀ ਐਨਾ ਵਿਸਤਾਰ ਹੈ। ਫਿਰ ਘਟ ਵਿੱਚ ਮੰਮਾ ਬਾਬਾ ਅਤੇ ਲਕੀ ਸ੍ਰਾਰਸ। ਵਿਵੇਕ ਵੀ ਕਹਿੰਦਾ ਹੈ ਸਤਿਯੁਗ ਵਿੱਚ ਜਰੂਰ ਥੋੜੀ ਸੰਖਿਆ ਹੋਣੀ ਚਾਹੀਦੀ ਹੈ। ਪਿੱਛੇ ਵ੍ਰਿਧੀ ਹੁੰਦੀ ਹੈ। ਇਹ ਸਭ ਸਮਝਾਉਣ ਦੀਆਂ ਗੱਲਾਂ ਹਨ। ਜੋ ਜਿਨਾਂ ਪਿਉਰ (ਪਵਿੱਤਰ) ਹੋਣਗੇ ਓਨੀ ਹੀ ਧਾਰਣਾ ਹੋਵੇਗੀ। ਇਮਪਿਊਰਿਟੀ ਨਾਲ ਧਾਰਣਾ ਘੱਟ ਹੋਵੇਗੀ। ਪਿਊਰਿਟੀ ਫਸਟ। ਕ੍ਰੋਧ ਦਾ ਭੂਤ ਵੀ ਰਹਿ ਜਾਂਦਾ ਹੈ ਤਾਂ ਮਾਇਆ ਤੋਂ ਹਾਰ ਖਾ ਲੈਂਦੇ ਹਨ। ਇਹ ਯੁੱਧ ਹੈ ਨਾ। ਜਿਵੇਂ ਬਾਬਾ ਸਾਕਸ਼ੀ ਹੋ ਕੇ ਪਾਰ੍ਰ ਵਜਾਉਂਦੇ ਹਨ, ਦੇਖਦੇ ਵੀ ਹਨ ਇਹ ਤਾਂ ਸਮਝ ਸਕਦੇ ਹੋ ਕਿ ਮਾਂ ਬਾਪ ਅਤੇ ਲਕੀ ਸ੍ਰਾਰਸ ਜੋ ਅੰਨਜਜ ਹੈ ਉਹਨਾਂ ਨੂੰ ਹੀ ਫਾਲੋ ਕਰਨਾ ਹੈ। ਇਹ ਤਾਂ ਸਮਝਾਇਆ ਹੈ ਮੁਰਲੀ ਪੜ੍ਹਣਾ ਕਦੀ ਨਹੀਂ ਛੱਡਣਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤਰੀ ਕਲਾਸ **23-12-58**

ਦੇਖੋ, ਆਲਮਾਇਟੀ ਬਾਬਾ ਦੇ ਇਹ ਸਭ ਕਿੰਨੇ ਰੂਹਾਨੀ ਕਾਰਖਾਨੇ (ਸੈਂਟਰਸ) ਹਨ। ਜਿਥੋਂ ਹਰ ਇੱਕ ਨੂੰ ਰੂਹਾਨੀ ਰਤਨ ਮਿਲਦੇ ਹਨ। ਬਾਬਾ ਹਨ ਸਭ ਕਾਰਖਾਣਿਆਂ ਦਾ ਸੇਠ। ਮੈਨੇਜ਼ਰ ਲੋਕ ਸੰਭਾਲ ਰਹੇ ਹਨ। ਦੁਕਾਨਾਂ ਚਲ ਰਹੀਆਂ ਹਨ। ਦੁਕਾਨ ਕਹੋ, ਹਾਸਟਲ ਕਹੋ… ਇਹ ਤੁਸੀਂ ਬ੍ਰਾਹਮਣਾਂ ਦੀ ਫੈਮਿਲੀ ਵੀ ਹੈ। ਤੁਹਾਨੂੰ ਆਪਣਾ ਜੀਵਨ ਬਣਾਉਣਾ ਹੈ ਏਕੁਰੇਸ਼ਨ ਨਾਲ। ਇਸ ਵਿੱਚ ਰੂਹਾਨੀ ਅਤੇ ਜਿਸਮਾਨੀ ਦੋਵੇਂ ਇਕੱਠੇ ਹਨ। ਅਤੇ ਉਹ ਹਨ ਰੂਹਾਨੀ, ਜਿਸਮਾਨੀ ਦੋਵੇਂ ਹੱਦ ਦੇ। ਗੁਰੂ ਲੋਕ ਜੋ ਵੀ ਸ਼ਾਸਤਰਾਂ ਆਦਿ ਦੀ ਰੂਹਾਨੀ ਸਿੱਖਿਆ ਦਿੰਦੇ ਹਨ ਉਹ ਸਭ ਹੈ। ਅਸੀਂ ਕਿਸੇ ਮਨੁੱਖ ਨੂੰ ਗੁਰੂ ਨਹੀਂ ਮੰਨਦੇ। ਸਾਡਾ ਹੈ ਇੱਕ ਸਤਿਗੁਰੂ, ਜੋ ਇੱਕ ਹੀ ਰੱਥ ਵਿੱਚ ਆਉਂਦੇ ਹਨ। ਘੜੀ - ਘੜੀ ਉਹਨਾਂ ਨੂੰ ਯਾਦ ਕਰੋਗੇ ਤਾਂ ਹੀ ਵਿਕਰਮ ਵਿਨਾਸ਼ ਹੋਣਗੇ। ਤੁਹਾਨੂੰ ਧਨ ਉਸ ਗ੍ਰੈਂਡ ਫ਼ਾਦਰ ਕੋਲੋਂ ਮਿਲਦਾ ਹੈ, ਇਸਲਈ ਉਹਨਾਂ ਨੂੰ ਯਾਦ ਕਰਨਾ ਹੈ। ਕੋਈ ਵੀ ਕਰਮ ਅਜਿਹਾ ਨਹੀਂ ਕਰਨਾ ਹੈ ਜੋ ਵਿਕਰਮ ਬਣ ਜਾਣ। ਸਤਿਯੁਗ ਵਿੱਚ ਕਰਮ, ਅਕਰਮ ਹੁੰਦੇ ਹਨ, ਇੱਥੇ ਕਰਮ ਵਿਕਰਮ ਹੁੰਦੇ ਹਨ ਕਿਉਂਕਿ 5 ਭੂਤ ਹਨ। ਅਸੀਂ ਬਿਲਕੁਲ ਸੇਫ਼ ਹਾਂ। ਬਾਬਾ ਕਹਿੰਦੇ ਹਨ ਵਿਕਾਰ ਦਾਨ ਵਿੱਚ ਦੋ ਫਿਰ ਜੇਕਰ ਵਾਪਿਸ ਲਿਆ ਤਾਂ ਨੁਕਸਾਨ ਹੋ ਜਾਏਗਾ। ਇਵੇਂ ਨਹੀਂ ਸਮਝਣਾ ਕਿ ਛਿਪਾਕੇ ਕਰਨਗੇ ਤਾਂ ਪਤਾ ਥੋੜੀਹੀ ਪਵੇਗਾ। ਧਰਮਰਾਜ ਨੂੰ ਤਾਂ ਪਤਾ ਲੱਗੇਗਾ ਨਾ। ਇਸ ਸਮੇਂ ਹੀ ਬਾਬਾ ਨੂੰ ਅੰਤਰਯਾਮੀ ਕਿਹਾ ਜਾਂਦਾ ਹੈ, ਹਰ ਇੱਕ ਬੱਚੇ ਦਾ ਰਜਿਸਟਰ ਉਹ ਦੇਖ ਸਕਦੇ ਹਨ। ਅਸੀਂ ਬੱਚਿਆਂ ਦੇ ਅੰਦਰ ਨੂੰ ਜਾਨਣ ਵਾਲਾ ਹੈ ਇਸਲਈ ਛਿਪਾਉਣਾ ਨਹੀਂ ਚਾਹੀਦਾ। ਇਵੇਂ ਵੀ ਚਿੱਠੀ ਲਿਖਦੇ ਹਨ ਕਿ ਬਾਬਾ ਸਾਡੇ ਕੋਲੋਂ ਭੁੱਲ ਹੋਈ ਹੈ ਮਾਫ਼ ਕਰਨਾ। ਧਰਮਰਾਜ ਦੀ ਦਰਬਾਰ ਵਿੱਚ ਸਜ਼ਾ ਨਹੀਂ ਦੇਣਾ। ਜਿਵੇਂ ਕਿ ਡਾਇਰੈਕਟ ਸ਼ਿਵਬਾਬਾ ਨੂੰ ਲਿਖਦੇ ਹਨ। ਬਾਬਾ ਦੇ ਨਾਮ ਤੇ ਇਸ ਪੋਸਟ ਬਾਕਸ ਵਿੱਚ ਚਿੱਠੀ ਪਾ ਦਿੰਦੇ ਹਨ। ਭੁੱਲ ਦੱਸਣ ਨਾਲ ਅੱਧੀ ਸਜ਼ਾ ਘੱਟ ਹੋ ਜਾਏਗੀ। ਇੱਥੇ ਪਿਓਰਿਟੀ ਬਹੁਤ ਚਾਹੀਦੀ ਹੈ। ਸਰਵਗੁਣ ਸੰਪੰਨ, 16 ਕਲਾ ਸੰਪੰਨ ਇੱਥੇ ਬਣਨਾ ਹੈ। ਰਹਿਰਸਲ ਇੱਥੇ ਹੋਵੇਗੀ ਫਿਰ ਉੱਥੇ ਪ੍ਰੈਕਟੀਕਲ ਪਾਰ੍ਰ ਵਜਾਉਣਾ ਹੈ। ਆਪਣੀ ਜਾਂਚ ਕਰਨੀ ਹੈ - ਕੋਈ ਵਿਕਰਮ ਤਾਂ ਨਹੀਂ ਕਰਦੇ ਹਨ? ਸੰਕਲਪ ਤਾਂ ਬਹੁਤ

ਆਉਣਗੇ, ਮਾਇਆ ਬਹੁਤ ਪਰਿਕ੍ਸ਼ਾ ਲਵੇਗੀ, ਡਰਨਾ ਨਹੀਂ। ਬਹੁਤ ਨੁਕਸਾਨ ਹੋਵੇਗਾ, ਧੰਧਾ ਨਹੀਂ ਚੱਲੇਗਾ, ਟੰਗ ਟੁੱਟ ਜਾਏਗੀ, ਬਿਮਾਰ ਹੋ ਜਾਵੋਗੇ ... ਕੁਝ ਵੀ ਹੋ ਜਾਏ ਬਾਬਾ ਦਾ ਹੱਥ ਨਹੀਂ ਛੱਡਣਾ। ਅਨੇਕ ਤਰ੍ਹਾਂ ਦੀਆਂ ਪਰਿਕਸ਼ਾਵਾਂ ਆਉਣਗੀਆਂ। ਪਹਿਲੇ - ਪਹਿਲੇ ਬਾਬਾ ਦੇ ਸਾਮਣੇ ਆਉਂਦੀ ਹੈ, ਇਸਲਈ ਬਾਬਾ ਦੱਸਦੇ ਹਨ ਖ਼ਬਰਦਾਰ ਰਹਿਣਾ। ਪਹਿਲਵਾਨ ਬਣਨਾ ਹੈ।

ਦੇਖੋ, ਭਾਰਤ ਵਿੱਚ ਜਿੰਨੀਆਂ ਸਭਨੂੰ ਛੁੱਟੀਆਂ ਮਿਲਦੀਆਂ ਹਨ ਓਨੀ ਹੋਰ ਕੀਤੇ ਨਹੀਂ ਮਿਲਦੀਆਂ ਹਨ, ਪਰ ਇੱਥੇ ਸਾਨੂੰ ਇੱਕ ਸੈਕੰਡ ਵੀ ਛੁੱਟੀ ਨਹੀਂ ਮਿਲਦੀ ਕਿਉਂਕਿ ਬਾਬਾ ਕਹਿੰਦੇ ਹਨ ਸ਼ਵਾਸ਼ੋਂ ਸਵਾਸ਼ ਯਾਦ ਵਿੱਚ ਰਹੋ। ਇੱਕ ਇੱਕ ਸ਼ਵਾਸ਼ ਅਨਮੋਲ ਹੈ। ਤਾਂ ਵੇਸ੍ਟ ਕਿਵੇਂ ਕਰ ਸਕਦੇ। ਜੋ ਵੇਸਟ ਕਰਦੇ ਹਨ ਉਹ ਪਦਵੀ ਭ੍ਰਿਸ਼ਟ ਕਰਦੇ ਹਨ। ਇਸ ਜਨਮ ਦਾ ਇੱਕ ਇੱਕ ਸ਼ਵਾਸ ਮੋਸ੍ਟ ਵੈਲਿਊਏਬਲਹੈ। ਰਾਤ ਦਿਨ ਬਾਬਾ ਦੀ ਸਰਵਿਸ ਵਿੱਚ ਰਹਿਣਾ ਚਾਹੀਦਾ ਹੈ। ਤੁਸੀਂ ਆਲਮਈਟੀ ਬਾਬਾ ਦੇ ਉਪਰ ਆਸ਼ਿਕ ਹੋ ਜਾਂ ਉਹਨਾਂ ਦੇ ਰੱਥ ਤੇ? ਜਾਂ ਦੋਨਾਂ ਤੇ? ਜਰੂਰ ਦੋਵਾਂ ਤੇ ਆਸ਼ਿਕ ਹੋਣਾ ਪਵੇ। ਬੁੱਧੀ ਵਿੱਚ ਇਹ ਰਹੇਗਾ ਕਿ ਉਹ ਇਸ ਰੱਥ ਵਿੱਚ ਹਨ। ਉਹਨਾਂ ਦੇ ਕਾਰਨ ਤੁਸੀਂ ਇਹਨਾਂ ਤੇ ਆਸ਼ਿਕ ਹੋਏ ਹੋ। ਸ਼ਿਵ ਦੇ ਮੰਦਿਰ ਵਿੱਚ ਵੀ ਬੈਲ ਰੱਖਿਆ ਹੋਇਆ ਹੈ। ਉਹ ਵੀ ਪੂਜਿਆ ਜਾਂਦਾ ਹੈ। ਕਿੰਨੀਆਂ ਗੁਹੇ ਗੱਲਾਂ ਹਨ ਜੋ ਰੋਜ ਨਹੀਂ ਸੁਣਦੇ ਤਾਂ ਕੋਈ - ਕੋਈ ਪੁਆਇੰਟਸ ਮਿਸ ਕਰ ਦਿੰਦੇ ਹਨ। ਰੋਜ਼ ਸੁਣਨ ਵਾਲੇ ਕਦੀ ਪੁਆਇੰਟਸ ਵਿੱਚ ਫੇਲ੍ਹ ਨਹੀਂ ਹੋਣਗੇ। ਮੈਨਰੱਸ ਵੀ ਚੰਗੇ ਰਹਿਣਗੇ। ਬਾਬਾ ਦੀ ਯਾਦ ਵਿੱਚ ਬਹੁਤ ਪ੍ਰੋਫਿਟ (ਫ਼ਾਇਦਾ) ਹੈ। ਫਿਰ ਹੈ ਬਾਬਾ ਦੀ ਨਾਲੇਜ਼ ਨੂੰ ਯਾਦ ਕਰਨਾ। ਯੋਗ ਵਿੱਚ ਵੀ ਪਰਫੈਕਟ, ਗਿਆਨ ਵਿੱਚ ਵੀ ਪਰਫੈਕਟ। ਬਾਬਾ ਨੂੰ ਯਾਦ ਕਰਨਾ ਇਸ ਵਿੱਚ ਹੈ ਮੋਸ੍ਟ ਪ੍ਰੋਫਿਟ ਕਿਉਂਕਿ ਵਿਕਰਮ ਵਿਨਾਸ਼ ਹੁੰਦੇ ਹਨ ਅਤੇ ਪਦਵੀ ਵੀ ਉੱਚ ਮਿਲਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਨਾਇਟ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਵਾਸ਼ੋਂ ਸਵਾਸ਼ ਬਾਬਾ ਨੂੰ ਯਾਦ ਕਰਨਾ ਹੈ, ਇੱਕ ਵੀ ਸਵਾਸ ਵਿਅਰਥ ਨਹੀਂ ਗਵਾਉਣਾਂ ਹੈ। ਕੋਈ ਵੀ ਕਰਮ ਅਜਿਹਾ ਨਹੀਂ ਕਰਨਾ ਜੋ ਵਿਕਰਮ ਬਣੇ।

2. ਉਸਤਾਦ ਦੇ ਹੱਥ ਵਿੱਚ ਹੱਥ ਦੇ ਸੰਪੂਰਨ ਪਾਵਨ ਬਣਨਾ ਹੈ। ਕਦੀ ਕ੍ਰੋਧ ਦੇ ਵਸ਼ੀਭੂਤ ਹੋਕਰ ਮਾਇਆ ਤੋਂ ਹਾਰ ਨਹੀਂ ਖਾਣੀ ਹੈ। ਪਹਿਲਵਾਨ ਬਣਨਾ ਹੈ।

ਵਰਦਾਨ:- ਸਮਰਥ ਸਥਿਤੀ ਦੇ ਆਸਣ ਤੇ ਬੈਠ ਵਿਅਰਥ ਅਤੇ ਸਮਰਥ ਦਾ ਨਿਰਣੇ ਕਰਨ ਵਾਲੇ ਸਮ੍ਰਿਤੀ ਸਵਰੂਪ ਭਵ

ਇਸ ਗਿਆਨ ਦਾ ਏਸੇਂਸ ਹੈ ਸਮ੍ਰਿਤੀ ਸਵਰੂਪ ਬਣਨਾ। ਹਰ ਕਰਮ ਕਰਨ ਦੇ ਪਹਿਲੇ ਇਸ ਵਰਦਾਨ ਦਵਾਰਾ ਸਮਰਥ ਸਥਿਤੀ ਦੇ ਆਸਨ ਤੇ ਨਿਰਣਾ ਕਰੋ ਕਿ ਇਹ ਵਿਅਰਥ ਹੈ ਜਾਂ ਸਮਰਥ ਹੈ ਫਿਰ ਕਰਮ ਵਿੱਚ ਆਓ, ਕਰਨ ਦੇ ਬਾਦ ਫਿਰ ਚੈਕ ਕਰੋ ਕਿ ਕਰਮ ਦਾ, ਆਦਿ ਮੱਧ ਅਤੇ ਅੰਤ ਤਿੰਨੋ ਕਾਲ ਸਮਰਥ ਰਿਹਾ? ਇਹ ਸਮਰਥ ਸਥਿਤੀ ਦਾ ਆਸਨ ਹੀ ਹੰਸ ਆਸਨ ਹੈ, ਇਸ ਦੀ ਵਿਸ਼ੇਸ਼ਤਾ ਹੀ ਨਿਰਣਾ ਸ਼ਕਤੀ ਹੈ। ਨਿਰਣਾ ਸ਼ਕਤੀ ਦੁਆਰਾ ਹਮੇਸ਼ਾ ਹੀ ਮਰਯਾਦਾ ਪੁਰਸ਼ੋਤਮ ਸਥਿਤੀ ਵਿੱਚ ਵੱਧਦੇ ਜਾਵੋਗੇ।

ਸਲੋਗਨ:- ਕਈ ਪ੍ਰਕਾਰ ਦੇ ਮਾਨਸਿਕ ਰੋਗਾਂ ਨੂੰ ਦੂਰ ਭਜਾਉਣ ਦਾ ਸਾਧਨ ਹੈ - ਸਾਈਲੈਂਸ ਦੀ ਸ਼ਕਤੀ।

******